بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 14.06.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਾਹਾਬੀ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ੀ ਅਲੱਾਹ ਅਨਹੁ ਦੇ ਦਿਲ ਖਿਚੱਵੇਂ ਤੇ ਮਨਮੋਹਕ ਸਦਗੁਣਾ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਜੂਨ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਵਿੱਚ ਹਜ਼ਰਤ ਜ਼ੈਦ ਬਿਨ ਹਾਰਸਾ ਦੀਆਂ ਗਲੱਾਂ ਵਰਨਣ ਕਰ ਰਿਹਾ ਸੀ ਅਤੇ ਇਸ ਵਿੱਚ ਤਾਇਫ਼ ਦੀ ਯਾਤਰਾ ਦੀ ਘਟਨਾ ਦਾ ਵੀ ਵਰਨਣ ਹੋਇਆ ਸੀ, ਇਸ ਯਾਤਰਾ ਦਾ ਕੁਝ ਹੋਰ ਵਿਸਥਾਰ ਜੋ ਸੀਰਤ ਖ਼ਾਤਾਮਨੱਬੀਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਵਰਨਣ ਕੀਤਾ ਹੈ ਬਿਆਨ ਕਰਦਾ ਹਾਂ ।

ਤਾਇਫ਼ ਦੀ ਇਕ ਪ੍ਰਸਿੱਧ ਥਾਂ ਹੈ ਜੋ ਮੱਕੇ ਤੋਂ ਦਖੱਣ ਪੂਰਬ ਵੱਲ ਚਾਲ੍ਹੀ ਮੀਲ ਦੀ ਦੂਰੀ'ਤੇ ਸਿਥਿਤ ਹੈ ਅਤੇ ਉਸ ਸਮੇਂ ਕਬੀਲਾ ਬਨੂ ਸਕੀਫ਼ ਦੀ ਵੱਸੋਂ ਸੀ । ਕਾਬੇ ਦੀਆਂ ਵਿਸ਼ੇਸ਼ਤਾਵਾਂ ਨੂੰ ਜੇਕਰ ਅੱਡ ਕਰ ਦਿਤੱਾ ਜਾਏ ਤਾਂ ਤਾਇਫ਼ ਸੰਭਵਤਾ ਮੱਕੇ ਦੇ ਤੁੱਲ ਸੀ । ਇਸ ਵਿੱਚ ਵੱਡੇ ਵੱਡੇ ਧਨਾਢ ਤੇ ਪ੍ਰਭਾਵਸ਼ਾਲੀ ਲੋਕ ਵਸੱਦੇ ਸਨ ਅਤੇ ਤਾਇਫ਼ ਦੀ ਇਸ ਮਹਤੱਾ ਦਾ ਖ਼ੁੱਦ ਮੱਕੇ ਦੇ ਲੋਕਾਂ ਨੂੰ ਵੀ ਪਤਾ ਸੀ, ਸੋ, ਮੱਕੇ ਵਾਲਿਆਂ ਦਾ ਹੀ ਕਥਨ ਹੈ, ਜਿਸ ਦਾ ਕੁਰਆਨ ਸ਼ਰੀਫ਼ ਵਿੱਚ ਵੀ ਵਰਨਣ ਹੈ ਕਿ (لَوۡلَا نُزِّلَ ہٰذَا الۡقُرۡاٰنُ عَلٰی رَجُلٍ مِّنَ الۡقَرۡیَتَیۡنِ عَظِیۡمٍ (الزخرف:32 ਅਰਥਾਤ ਜੇਕਰ ਇਹ ਕੁਰਆਨ ਰੱਬ ਵੱਲੋਂ ਹੈ ਤਾਂ ਮੱਕੇ ਜਾਂ ਤਾਇਫ਼ ਦੇ ਕਿਸੇ ਵੱਡੇ ਆਦਮੀ ਉਪੱਰ ਕਿਉਂ ਨ ਨਾਜ਼ਲ ਕੀਤਾ ਗਿਆ । ਭਾਵ 10 ਨਬਵੀ ਸ਼ਵਾਲ ਦੇ ਮਹੀਨੇ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਤਾਇਫ਼ ਗਏ । ਕਈ ਰਿਵਾਇਤਾਂ ਵਿੱਚ ਇਕੱਲਿਆਂ ਗਏ ਹਨ, ਕਈਆਂ ਵਿੱਚ ਜ਼ੈਦ ਬਿਨ ਹਾਰਸਾ ਵੀ ਨਾਲ ਸਨ । ਉੱਥੇ ਪਹੁੰਚਕੇ ਆਪਨੇ ਦੱਸ ਦਿਨ ਪੜਾਅ ਕੀਤਾ ਅਤੇ ਸ਼ਹਿਰ ਦੇ ਬਹੁਤ ਸਾਰਿਆਂ ਰਈਸਾਂ ਨਾਲ ਇਕ ਬਾਦ ਇਕ ਨਾਲ ਮੁਲਾਕਾਤ ਕੀਤੀ ਪਰ ਇਸ ਸ਼ਹਿਰ ਦੀ ਕਿਸਮਤ ਵਿੱਚ ਵੀ ਮੱਕੇ ਵਾਂਗ ਇਸ ਸਮੇਂ ਇਸਲਾਮ ਲਿਆਉਣਾ ਮੁਕਦੱਰ ਨਹੀਂ ਸੀ, ਸਗੋਂ ਹਾਸਾ ਠਠੱਾ ਕੀਤਾ । ਅੰਤ ਆਪ ਸਲਲੱਾਹੁ ਅਲੈਹਿ ਵਸਲਮ ਨੇ ਤਾਇਫ਼ ਦੇ ਵੱਡੇ ਰਈਸ ਅਬਦ ਯਾ ਲੈਲ ਕੋਲ ਜਾਕੇ ਇਸਲਾਮ

ਦਾ ਨਿਮੰਤਰਣ ਦਿਤੱਾ ਪਰ ਉਸ ਨੇ ਵੀ ਸਾਫ਼ ਇਨਕਾਰ ਕਰ ਦਿਤੱਾ, ਸਗੋਂ ਆਪਦਾ ਹਾਸਾ ਉਡਾਇਆ । ਇਸ ਦੇ ਬਾਦ ਇਸ ਭੈੜੇ ਵਿਅਕਤੀ ਨੇ ਸ਼ਹਿਰ ਦੇ ਅਵਾਰਾ ਲੋਕਾਂ ਨੂੰ ਆਪਦੇ ਪਿੱਛੇ ਲਾ ਦਿਤੱਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਸ਼ਹਿਰ ਤੋਂ ਬਾਹਰ ਨਿਕਲੇ ਤਾਂ ਇਹ ਲੋਕ ਰੌਲ੍ਹਾ ਪਾਉਂਦੇ ਹੋਏ ਆਪਦੇ ਪਿੱਛੇ ਹੋ ਗਏ ਅਤੇ ਆਪ ਉਪੱਰ ਪਥੱਰ ਵਰ੍ਹਾਉਂਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਆਪ ਦਾ ਸਾਰਾ ਸ਼ਰੀਰ ਲਹੂ ਲੁਹਾਨ ਹੋ ਗਿਆ । ਹਜ਼ਰਤ ਜ਼ੈਦ ਬਿਨ ਹਾਰਸਾ ਦੇ ਸਿਰ ਉਪੱਰ ਵੀ ਪਥੱਰ ਲੱਗੇ ਕਿਉਂਕਿ ਉਹ ਪਥੱਰਾਂ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਲਗੱਣ ਤੋਂ ਰੋਕਦੇ ਸਨ । ਨਿਰੰਤਰ ਤਿੰਨ ਮੀਲ ਤੱਕ ਇਹ ਲੋਕ ਆਪ ਨਾਲ ਆਪਨੂੰ ਗਾਲ੍ਹਾਂ ਕਢੱਦੇ ਤੇ ਪਥੱਰ ਵਰ੍ਹਾਉਂਦੇ ਚਲੇ ਆਏ ।

ਤਾਇਫ਼ ਤੋਂ ਤਿੰਨ ਮੀਲ ਦੀ ਦੂਰੀ ਉਪੱਰ ਮੱਕੇ ਦੇ ਰਈਸ ਅਤਬਾ ਬਿਨ ਰਬੀਆ ਦਾ ਇਕ ਬਾਗ਼ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਸ ਵਿੱਚ ਆਣਕੇ ਪਨਾਹ ਲਈ ਅਤੇ ਜ਼ਾਲਮ ਲੋਕ ਥੱਕ ਕੇ ਵਾਪਸ ਪਰਤ ਗਏ । ਇੱਥੋਂ ਤੱਕ ਕਿ ਇਕ ਛਾਂ ਹੇਠ ਖੜੇ ਹੋਕੇ ਆਪ ਨੇ ਰੱਬ ਦੀ ਹਜ਼ੂਰੀ ਵਿੱਚ ਇਉਂ ਦੁਆ ਕੀਤੀ, ਹੇ ਮੇਰੇ ਰੱਬ, ਮੈਂ ਆਪਣੇ ਬਲ ਦੀ ਕਮਜ਼ੋਰੀ, ਵਿਉਂਤਬੰਦੀ ਦੀ ਕਮਜ਼ੋਰੀ ਅਤੇ ਲੋਕਾਂ ਦੇ ਮੁਕਾਬਲੇ ਵਿੱਚ ਆਪਣੀ ਬੇਬਸੀ ਦੀ ਸ਼ਿਕਾਇਤ ਤੇਰੀ ਹਜ਼ੂਰੀ ਵਿੱਚ ਹੀ ਕਰਦਾ ਹਾਂ । ਹੇ ਮੇਰੇ ਰੱਬ, ਤੂੰ ਸਾਰਿਆਂ ਤੋਂ ਵਧੱਕੇ ਮਿਹਰ ਕਰਨ ਵਾਲਾ ਹੈਂ ਅਤੇ ਕਮਜ਼ੋਰਾਂ ਤੇ ਬੇਕਸਾਂ ਦਾ ਤੂੰ ਹੀ ਨਿਗਾਹਬਾਨ ਤੇ ਰੱਖਿਅਤ ਹੈਂ ਤੂੰ ਹੀ ਮੇਰਾ ਪਾਵਰਦਗਾਰ ਹੈਂ, ਮੈਂ ਤੇਰੇ ਹੀ ਚਾਨ੍ਹਣੇ ਵਿੱਚ ਪਨਾਹ ਮੰਗਦਾ ਹਾਂ ਕਿਉਂਕਿ ਤੂੰ ਹੀ ਹੈ ਜੋ ਅੰਧਕਾਰ ਨੂੰ ਦੂਰ ਕਰਦਾ ਹੈ ਅਤੇ ਮਨੁੱਖ ਨੂੰ ਦੁਨੀਆ ਤੇ ਪਰਲੈ ਦੇ ਉਪਕਾਰਾਂ ਦਾ ਵਾਰਸ ਬਣਾਉਂਦਾ ਹੈਂ ।

ਅਤਬਾ ਤੇ ਸ਼ੈਬਾ ਇਸ ਸਮੇਂ ਬਾਗ਼ ਵਿੱਚ ਮੌਜੂਦ ਸਨ । ਜੱਦ ਉਹਨਾਂ ਨੇ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਹਾਲ ਵਿੱਚ ਦੇਖਿਆ ਤਾਂ ਦੂਰ ਜਾਂ ਨੇੜੇ ਦੀ ਰਿਸ਼ਤੇਦਾਰੀ ਨਾਲ ਜਾਂ ਕੌਮੀ ਅਹਿਸਾਸ ਕਰਕੇ ਜਾਂ ਅਗਿਆਤ ਕਾਰਣਾ ਕਰਕੇ ਜਾਂ ਕਿਸੇ ਹੋਰ ਵਿਚਾਰ ਕਰਕੇ ਉਸਨੇ ਆਪਣੇ ਅਦਾਸ ਨਾਂ ਦੇ ਇਸਾਈ ਗ਼ੁਲਾਮ ਦੇ ਹੱਥ ਇਕ ਕਸ਼ਤੀ ਵਿੱਚ ਕੁਝ ਅੰਗੂਰ ਲਗਾਕੇ ਆਪ ਕੋਲ ਭਿਜਵਾਏ । ਆਪਨੇ ਲੈ ਲਏ ਅਤੇ ਅਦਾਸ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ ? ਅਤੇ ਕਿਸ ਧਰਮ ਨਾਲ ਸੰਬੰਧ ਰਖੱਦੇ ਹੋ ? ਉਸ ਨੇ ਕਿਹਾ ਕਿ ਮੈਂ ਨੈਨਵਾ ਦਾ ਰਹਿਣ ਵਾਲਾ ਹਾਂ ਅਤੇ ਧਰਮ ਵੱਲੋਂ ਇਸਾਈ ਹਾਂ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਹੋ ਨੈਨਵਾ ਜੋ ਰੱਬ ਦੇ ਨੇਕ ਬੰਦੇ ਯੂਨੁਸ ਬਿਨ ਮਤੀ ਦਾ ਘਰ ਸੀ ? ਅਦਾਸ ਨੇ ਕਿਹਾ ਹਾਂ ਪਰ ਆਪ ਨੂੰ ਯੂਨੁਸ ਦਾ ਹਾਲ ਕਿਵੇਂ ਪਤਾ ਲੱਗਿਆ ? ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉਹ ਮੇਰਾ ਭਰਾ ਸੀ ਕਿਉਂਕਿ ਉਹ ਵੀ ਰੱਬ ਦਾ ਨਬੀ ਸੀ ਅਤੇ ਮੈਂ ਵੀ ਰੱਬ ਦਾ ਨਬੀ ਹਾਂ । ਫਿਰ ਆਪ ਨੇ ਉਸਨੂੰ ਇਸਲਾਮ ਦਾ ਪ੍ਰਚਾਰ ਕੀਤਾ । ਜਿਸਦਾ ਉਸ ਉਪੱਰ ਪ੍ਰਭਾਵ ਹੋਇਆ ਅਤੇ ਉਸ ਨੇ ਅੱਗੇ ਵਧੱਕੇ ਨੇਕੀ ਦੇ ਜੋਸ਼ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਦੇ ਹੱਥ ਚੁੰਮ ਲਏ । ਇਸ ਦ੍ਰਿਸ਼ ਨੂੰ ਦੂਰੋਂ ਖੜੇ ਖੜੇ ਅਤਬਾ ਤੇ ਸ਼ੈਬਾ ਨੇ ਵੀ ਦੇਖ ਲਿਆ । ਫਿਰ ਜੱਦ ਅਦਾਸ ਉਹਨਾ ਕੋਲ ਵਾਪਸ ਪਰਤਿਆ ਤਾਂ ਉਹਨਾ ਨੇ ਕਿਹਾ, ਅਦਾਸ ਤੈਨੂੰ ਕੀ ਹੋਇਆ ਸੀ ਕਿ ਉਸ ਵਿਅਕਤੀ ਦੇ ਹੱਥ ਚੁੰਮਣ ਲਗੱਾ। ਇਹ ਵਿਅਕਤੀ ਤਾਂ ਤੇਰੇ ਧਰਮ ਨੂੰ ਖ਼ਰਾਬ ਕਰ ਦੇਵੇਗਾ, ਜੱਦ ਕਿ ਤੇਰਾ ਧਰਮ ਇਸਦੇ ਧਰਮ ਨਾਲੋਂ ਚੰਗਾ ਹੈ ।

ਹਜ਼ਰਤ ਜ਼ੈਦ ਹਿਜਰਤ ਕਰਕੇ ਮਦੀਨੇ ਪਹੁੰਚੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪਦੀ ਭਾਈਬੰਦੀ ਹਜ਼ਰਤ ਉਸੈਦ ਬਿਨ ਹਜ਼ੀਰ ਨਾਲ ਕਰਵਾਈ । ਕਈਆਂ ਨੇ ਲਿੱਖਿਆ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪ ਦੀ ਭਾਈਬੰਧੀ ਹਜ਼ਰਤ ਹਮਜ਼ਾ ਨਾਲ ਕਰਾਈ । ਅਰਥਾਤ ਹਜ਼ਰਤ ਹਮਜ਼ਾ ਨੂੰ ਆਪਦਾ ਭਰਾ ਬਣਾਇਆ । ਇਹੋ ਕਾਰਣ ਹੈ ਕਿ ਉਹਦ ਦੀ ਜੰਗ ਦੇ ਦਿਨ ਹਜ਼ਰਤ ਹਮਜ਼ਾ ਨੇ ਲੜਾਈ ਸਮੇਂ ਹਜ਼ਰਤ ਜ਼ੈਦ ਦੇ

ਹੱਕ ਵਿੱਚ ਵਸੀਯਤ ਕੀਤੀ । ਇਸ ਬਾਰੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਸੀਰਤ ਖ਼ਾਤਮਨੱਬੀਯੀਨ ਵਿੱਚ ਹੋਰ ਵਧੇਰੇ ਲਿੱਖਿਆ ਹੈ ਕਿ ਮਦੀਨੇ ਪਹੁੰਚਕੇ ਕੁਝ ਸਮੇਂ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜ਼ੈਦ ਨੂੰ ਕੁਝ ਰੁਪਏ ਦੇਕੇ ਮੱਕੇ ਰਵਾਨਾ ਕੀਤਾ ਜੋ ਕੁਝ ਦਿਨਾਂ ਵਿੱਚ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਪਰਿਵਾਰ ਨੂੰ ਲੈਕੇ ਮਦੀਨੇ ਪਰਤ ਆਏ ।

ਹਜ਼ਰਤ ਜ਼ੈਦ ਬਿਨ ਹਾਰਸਾ ਨੇ ਹਜ਼ਰਤ ਉਮੇ ਐਮਨ ਨਾਲ ਵਿਆਹ ਕੀਤਾ ਸੀ । ਆਪ ਆਪਣੇ ਪੁਤੱਰ ਐਮਨ ਕਰਕੇ ਉਮੇ ਐਮਨ ਦੇ ਸਿਰਨਾਵੇਂ ਨਾਲ ਪ੍ਰਸਿਧ ਸਨ । ਆਪ ਹਬਸ਼ੇ ਦੀ ਰਹਿਣ ਵਾਲੀ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਿਤਾ ਹਜ਼ਰਤ ਅਬਦੁਲੱਾਹ ਦੀ ਕਨੀਜ਼ ਸਨ । ਇਹਨਾ ਦੀ ਮੌਤ ਤੋਂ ਬਾਦ ਹਜ਼ਰਤ ਆਮਨਾ ਕੋਲ ਰਹਿਣ ਲੱਗੀ ਸਨ । ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਉਮਰ ਛੇ ਸਾਲ ਦੀ ਸੀ ਤਾਂ ਆਪਦੀ ਮਾਂ ਆਪ ਨੂੰ ਆਪਣੇ ਨਾਲ ਲੈਕੇ ਆਪਣੇ ਪੇਕੇ ਮਿਲਣ ਲਈ ਗਈ ਤਾਂ ਉਸ ਸਮੇਂ ਹਜ਼ਰਤ ਉਮੇ ਐਮਨ ਸੇਵਿਕਾ ਦੇ ਰੂਪ ਵਿੱਚ ਆਪਦੇ ਨਾਲ ਸਨ । ਛੋਟੀ ਵੀ ਹੋਣਗੀ । ਵਾਪਸੀ'ਤੇ ਹਜ਼ਰਤ ਆਮਨਾ ਦੀ ਵਫ਼ਾਤ ਹੋ ਗਈ । ਹਜ਼ਰਤ ਉਮੇ ਐਮਨ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਉਨ੍ਹਾ ਹੀ ਦੋ ਊਠਾਂ ਉਪੱਰ ਮੱਕੇ ਵਾਪਸ ਲੈ ਆਈ ਸਨ ਜਿੰਨ੍ਹਾ'ਤੇ ਉਹ ਮੱਕੇ ਤੋਂ ਗਈ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਬੁਵੱਤ ਦੇ ਦਾਵੇ ਤੋਂ ਪਹਿਲਾਂ ਮੱਕੇ ਵਿੱਚ ਉਮੇ ਐਮਨ ਦਾ ਵਿਆਹ ਉਬੈਦ ਬਿਨ ਜ਼ੈਦ ਨਾਲ ਹੋਇਆ ਜੋ ਆਪ ਇਕ ਹਬਸ਼ੀ ਗ਼ੁਲਾਮ ਸਨ । ਉਹਨਾ ਦੇ ਘਰ ਪੁਤੱਰ ਨੇ ਜਨਮ ਲਿਆ ਜਿਸ ਦਾ ਨਾਂ ਐਮਨ ਸੀ । ਹਜ਼ਰਤ ਐਮਨ ਨੇ ਹੁਨੈਨ ਦੀ ਜੰਗ ਵਿੱਚ ਸ਼ਹੀਦੀ ਦਾ ਸਨਮਾਨ ਪ੍ਰਾਪਤ ਕੀਤਾ । ਹਜ਼ਰਤ ਉਮੇ ਐਮਨ ਦੇ ਪਤੀ ਦੀ ਮੌਤ ਹੋ ਗਈ ਤਾਂ ਆਪਦਾ ਵਿਆਹ ਹਜ਼ਰਤ ਜ਼ੈਦ ਨਾਲ ਕਰ ਦਿਤੱਾ ਗਿਆ । ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਉਮੇ ਐਮਨ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨਾਲ ਅਤਿਅੰਤ ਮਿਹਬਾਨੀ ਨਾਲ ਪੇਸ਼ ਆਉਂਦੀ ਸਨ ਅਤੇ ਆਪਦਾ ਖ਼ਿਆਲ ਰਖੱਦੀ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੋ ਸਵਰਗ ਵਿੱਚ ਵਸੱਣ ਵਾਲੀ ਇਸਤਰੀ ਨਾਲ ਵਿਆਹ ਕਰਕੇ ਖ਼ੁਸ ਹੋਣਾ ਚਾਹੁੰਦਾ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਉਮੇ ਐਮਨ ਨਾਲ ਵਿਆਹ ਕਰ ਲਏ, ਸੋ, ਇਸ'ਤੇ ਹਜ਼ਰਤ ਜ਼ੈਦ ਬਿਨ ਹਾਰਸਾ ਨੇ ਉਹਨਾ ਨਾਲ ਵਿਆਹ ਕਰ ਲਿਆ, ਜਿਸ ਤੋਂ ਹਜ਼ਰਤ ਉਸਾਮਾ ਪੈਦਾ ਹੋਏ । ਹਜ਼ਰਤ ਉਮੇ ਐਮਨ ਨੇ ਮੁਸਲਮਾਨਾ ਨਾਲ ਹਬਸ਼ੇ ਵੱਲ ਹਿਜਰਤ ਕੀਤੀ ਸੀ, ਉੱਥੋਂ ਹਿਜਰਤ ਕਰਨ ਦੇ ਬਾਦ ਮਦੀਨੇ ਵਾਪਸ ਆਈ ਸਨ ਅਤੇ ਉਹਦ ਦੀ ਜੰਗ ਵਿੱਚ ਭਾਗ ਲਿਆ । ਇਸ ਮੌਕੇ ਆਪ ਲੋਕਾਂ ਨੂੰ ਪਾਣੀ ਪਿਆਉਂਦੀ ਅਤੇ ਜ਼ਖ਼ਮੀਆਂ ਦੀ ਸੇਵਾ ਕਰਦੀਂ ਸਨ । ਖ਼ੈਬਰ ਦੀ ਜੰਗ ਵਿੱਚ ਵੀ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ । 23 ਹਿਜਰੀ ਵਿੱਚ ਜੱਦ ਹਜ਼ਰਤ ਉਮਰ ਨੇ ਸ਼ਹੀਦੀ ਪ੍ਰਾਪਤ ਕੀਤੀ ਤਾਂ ਹਜ਼ਰਤ ਉਮੇ ਐਮਨ ਬਹੁਤ ਰੋਈ ਸਨ । ਲੋਕਾਂ ਨੇ ਪੁੱਛਿਆ ਕਿਉਂ ਰੋਂਦੀ ਹੋ ਤਾਂ ਉਹਨਾਂ ਨੇ ਉਤੱਰ ਦਿਤੱਾ ਕਿ ਹਜ਼ਰਤ ਉਮਰ ਦੀ ਸ਼ਹੀਦੀ ਨਾਲ ਇਸਲਾਮ ਕਮਜ਼ੋਰ ਪੈ ਗਿਆ ਹੈ । ਹਜ਼ਰਤ ਉਮੇ ਐਮਨ ਦੀ ਵਫ਼ਾਤ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਦੇ ਆਰੰਭ ਵਿੱਚ ਹੋਈ ।

ਹਜ਼ਰਤ ਅਨਸ ਬਿਨ ਮਾਲਕ ਰਜ਼ੀ ਅਲੱਹ ਅਨਹੁ ਤੋਂ ਰਿਵਾਇਤ ਹੈ ਕਿ ਜੱਦ ਮਹਾਜਰ ਮੱਕੇ ਤੋਂ ਮਦੀਨੇ ਆਏ ਅਤੇ ਉਹਨਾ ਦੇ ਹੱਥ ਵਿੱਚ ਕੁਝ ਵੀ ਨਹੀਂ ਸੀ ਅਤੇ ਅੰਸਾਰ ਜ਼ਮੀਨ ਤੇ ਜਾਇਦਾਦ ਵਾਲੇ ਸਨ ਤਾਂ ਅੰਸਾਰ ਨੇ ਉਹਨਾ ਨਾਲ ਸੰਧੀ ਕੀਤੀ ਕਿ ਉਹ ਆਪਣੇ ਬਾਗ਼ਾਂ ਦਾ ਮੇਵਾ ਹਰ ਸਾਲ ਉਹਨਾ ਨੂੰ ਦਿਆ ਕਰਨਗੇ ਪਰ ਇਹਨਾਂ ਵਿੱਚ ਉਹ ਕੰਮ ਕਾਜ ਆਪ ਕਰਨਗੇ । ਹਜ਼ਰਤ ਅਨਸ ਦੀ ਮਾਤਾ ਹਜ਼ਰਤ ਉਮੇ ਸਲੀਮ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਕੁਝ ਖਜੂਰਾਂ ਦੇ ਰੁੱਖ ਦਿੱਤੇ ਹੋਏ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਇਹ ਰੁੱਖ ਹਜ਼ਰਤ

ਉਮੇ ਐਮਨ ਨੂੰ ਦੇ ਦਿੱਤੇ ਜੋ ਹਜ਼ਰਤ ਉਸਾਮਾ ਬਿਨ ਜ਼ੈਦ ਦੀ ਮਾਂ ਸਨ । ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਖ਼ੈਬਰ ਦੀ ਲੜਾਈ ਤੋਂ ਵਿਹਲੇ ਹੋਏ ਅਤੇ ਮਦੀਨੇ ਪਰਤ ਗਏ ਤਾਂ ਮਹਾਜਰਾਂ ਨੇ ਅੰਸਾਰ ਦੇ ਉਹ ਤੋਹਫ਼ੇ ਵਾਪਸ ਕਰ ਦਿੱਤੇ । ਨਬੀ ਕਰੀਮ ਸਲਲੱਾਹੁ ਅਲੈਹਿ ਨੇ ਵੀ ਹਜ਼ਰਤ ਅਨਸ ਦੀ ਮਾਂ ਨੂੰ ਉਹ ਖਜੂਰਾਂ ਵਾਪਸ ਕਰ ਦਿੱਤੀਆਂ ਅਤੇ ਉਹਨਾ ਦੀ ਥਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਮੇ ਐਮਨ ਨੂੰ ਆਪਣੇ ਬਾਗ਼ ਵਿੱਚੋਂ ਕੁਝ ਰੁੱਖ ਦੇ ਦਿੱਤੇ ।

ਇਕ ਰਿਵਾਇਤ ਹੈ ਕਿ ਹਜ਼ਰਤ ਉਮੇ ਐਮਨ ਨੂੰ ਮਦੀਨੇ ਵੱਲ ਪੈਦਲ ਹਿਜਰਤ ਕਰਦੇ ਸਮੇਂ ਕੜੀ ਤ੍ਰੇਹ ਲੱਗੀ । ਬਜ਼ੁਰਗ ਇਸਤਰੀ ਸਨ, ਰੱਬ ਨਾਲ ਵਿਸ਼ੇਸ਼ ਸੰਬੰਧ ਸੀ । ਉਸ ਸਮੇਂ ਆਪ ਕੋਲ ਪਾਣੀ ਵੀ ਨਹੀਂ ਸੀ ਅਤੇ ਗਰਮੀ ਅਥਾਹ ਦੀ ਸੀ । ਉਹਨਾ ਨੇ ਆਪਣੇ ਸਿਰ ਉਪੱਰ ਕਿਸੇ ਚੀਜ਼ ਦੀ ਅਵਾਜ਼ ਸੁਣੀ ਤਾਂ ਕੀ ਦੇਖਦੀ ਹਨ ਕਿ ਉਹਨਾਂ ਉਪੱਰ ਡੋਲ ਵਾਂਗ ਇਕ ਚੀਜ ਝੁੱਕ ਆਈ ਸੀ ਜਿਸ ਵਿੱਚੋਂ ਪਾਣੀ ਦੀਆਂ ਬੂੰਦਾ ਡਿੱਗ ਰਹੀਆਂ ਸਨ । ਉਹਨਾਂ ਨੇ ਉਸ ਵਿੱਚੋਂ ਪਾਣੀ ਪੀਤਾ, ਇੱਥੋਂ ਤੱਕ ਕਿ ਰੱਜ ਗਈ, ਉਹ ਕਿਹਾ ਕਰਦੀ ਸਨ ਕਿ ਇਸ ਦੇ ਬਾਦ ਮੈਂਨੂੰ ਕਦੇ ਵੀ ਤ੍ਰੇਹ ਦੀ ਤੰਗੀ ਦਾ ਅਨੁਭਵ ਨਹੀਂ ਹੋਇਆ ਅਤੇ ਕਦੇ ਰੋਜ਼ਿਆਂ ਦੀ ਅਵਸਥਾ ਵਿੱਚ ਵੀ ਤ੍ਰੇਹ ਅਨੁਭਵ ਹੁੰਦੀ ਤਾਂ ਵੀ ਮੈਂ ਪਿਆਸੀ ਨਹੀਂ ਰਹਿੰਦੀ ਸੀ । ਹਜ਼ਰਤ ਉਮੇ ਐਮਨ ਦੇ ਬੋਲਣ ਵਿੱਚ ਕੁਝ ਤੋਤਲਾਪਨ ਸੀ ਜੱਦ ਉਹ ਕਿਸੇ ਕੋਲ ਜਾਂਦੀ ਤਾਂ ਤੋਤਲੇਪਨ ਕਰਕੇ ਸਲਾਮੁ ਅਲੈਕੁਮ ਕਹਿੰਦੀ ਸਨ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਉਹਨਾ ਨੂੰ ਸਲਾਮ ਅਲੱਾਹ ਅਲੈਕੁਮ ਜਾਂ ਅਸੱਲਾਮ ਅਲੈਕੁਮ ਕਹਿਣ ਦੀ ਅਗਿਆ ਦਿੱਤੀ ਅਤੇ ਹੁਣ ਉਹੋ ਪ੍ਰਚਲਿਤ ਹੈ ।

ਹਜ਼ਰਤ ਅਨਸ ਬਿਨ ਮਾਲਕ ਬਿਆਨ ਕਰਦੇ ਹਨ ਕਿ ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਹਜ਼ਰਤ ਅਬੂ ਬਕਰ ਨੇ ਹਜ਼ਰਤ ਉਮਰ ਨੂੰ ਕਿਹਾ ਕਿ ਸਾਡੇ ਨਾਲ ਹਜ਼ਰਤ ਉਮੇ ਐਮਨ ਦੇ ਘਰ ਚੱਲੋ ਕਿ ਉਹਨਾ ਨੂੰ ਮਿਲੀਏ ਜਿਵੇਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਉਹਨਾ ਨੂੰ ਮਿਲਿਆ ਕਰਦੇ ਸਨ । ਜੱਦ ਅਸੀਂ ਉਹਨਾ ਕੋਲ ਪਹੁੰਚੇ ਤਾਂ ਉਹ ਰੋ ਪਈ । ਇਸ'ਤੇ ਉਹਨਾ ਦੋਹਾਂ ਨੇ ਉਹਨਾਂ ਨੂੰ ਕਿਹਾ ਕਿ ਆਪ ਕਿਉਂ ਰੋਂਦੀ ਹਨ, ਜੋ ਕੁਝ ਅਲੱਾਹ ਕੋਲ ਹੈ ਉਹ ਉਸ ਦੇ ਰਸੂਲ ਲਈ ਚੰਗਾ ਹੈ । ਹਜ਼ਰਤ ਉਮੇ ਐਮਨ ਨੇ ਕਿਹਾ ਕਿ ਮੈਂ ਤਾਂ ਇਸ ਲਈ ਰੋਂਦੀ ਹਾਂ ਕਿ ਹੁਣ ਆਕਾਸ਼ ਤੋਂ ਵਹੀ ਆਉਣੀ ਬੰਦ ਹੋ ਗਈ । ਇਹਨਾ ਨੇ ਉਹਨਾ ਦੋਹਾਂ ਨੂੰ ਵੀ ਰੁਲਾ ਦਿਤੱਾ ਅਤੇ ਉਹ ਦੋਵੇਂ ਵੀ ਰੋਣ ਲੱਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਜ਼ੈਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਅਜ਼ਾਦ ਕੀਤੇ ਗ਼ੁਲਾਮ ਤੇ ਮੂੰਹ ਬੋਲੇ ਪੁਤੱਰ ਵੀ ਸਨ । ਆਪ ਨੇ ਹਜ਼ਰਤ ਜ਼ੈਦ ਦਾ ਇਕ ਵਿਆਹ ਹਜ਼ਰਤ ਹਜ਼ਰਤ ਜ਼ੈਨਬ ਬਿੰਤ ਹਜਸ਼ ਨਾਲ ਕਰਵਾਇਆ ਸੀ ਪਰ ਇਹ ਵਿਆਹ ਬਹੁਤਾ ਚਿਰ ਨ ਚੱਲਿਆ ਅਤੇ ਹਜ਼ਰਤ ਜ਼ੈਦ ਨੇ ਹਜ਼ਰਤ ਜ਼ੈਨਬ ਨੂੰ ਤਲਾਕ ਦੇ ਦਿਤੱਾ । ਇਹ ਵਿਆਹ ਇਕ ਸਾਲ ਜਾਂ ਇਸ ਤੋਂ ਕੁਝ ਵੱਧ ਸਮੇਂ ਤੱਕ ਰਿਹਾ । ਇਸ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪ ਹਜ਼ਰਤ ਜ਼ੈਨਬ ਬਿੰਤ ਹਜਸ਼ ਨਾਲ ਵਿਆਹ ਕੀਤਾ ।

ਹਜ਼ੂਰ ਅਨਵਰ ਨੇ ਸੀਰਤ ਖ਼ਾਤਾਮਨੱਬੀਯੀਨ ਵਿੱਚੋਂ ਇਸ ਦਾ ਵਿਸਥਾਰ ਬਿਆਨ ਕਰਦਿਆਂ ਹੋਇਆਂ ਫ਼ਰਮਾਇਆ : ਹਜ਼ਰਤ ਜ਼ੈਨਬ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਭੂਆ ਅਮੀਮਾ ਬਿੰਤ ਅਬਦੁਲ ਮੁਤਲਬ ਦੀ ਸਾਹਿਬਜ਼ਾਦੀ ਸਨ ਅਤੇ ਅਤਿਅੰਤ ਨੇਕ ਤੇ ਮੁਤੱਕੀ (ਸੰਜਮੀ) ਹੁੰਦਿਆਂ ਹੋਇਆਂ ਵੀ ਉਹਨਾ ਦੇ ਸੁਭਾਵ ਵਿੱਚ ਆਪਣੇ ਪਰਿਵਾਰ ਦੀ ਵੱਡਿਆਈ ਦਾ ਅਹਿਸਾਸ ਕਿਸੇ ਹੱਦ ਤੱਕ ਪਾਇਆ ਜਾਂਦਾ ਸੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪਣੀ ਇਸ ਪਿਆਰੀ ਅਰਥਾਤ ਜ਼ੈਨਬ ਬਿੰਤ ਹਜਸ਼ ਦਾ ਵਿਆਹ ਆਪਣੇ ਅਜ਼ਾਦ ਕੀਤੇ ਗ਼ੁਲਾਮ ਜ਼ੈਦ

ਬਿਨ ਹਾਰਸਾ ਨਾਲ ਨਿਯੁਕਤ ਕਰ ਦਿੱਤੀ । ਪਹਿਲਾਂ ਤਾਂ ਜ਼ੈਨਬ ਨੇ ਆਪਣੀ ਖ਼ਾਨਦਾਨੀ ਵੱਡਿਆਈ ਦਾ ਵਿਚਾਰ ਕਰਦਿਆਂ ਹੋਇਆਂ ਇਸਨੂੰ ਨਾਪਸੰਦ ਕੀਤਾ ਪਰ ਅੰਤ ਨੂੰ ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਦੀ ਵੱਡੀ ਇਛੱਾ ਦੇਖਕੇ ਰਾਜ਼ੀ ਹੋ ਗਈਂ । ਬਹਿਰਹਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਇਛੱਾ ਤੇ ਤਜਵੀਜ਼ ਅਨੁਸਾਰ ਜ਼ੈਨਬ ਅਤੇ ਜ਼ੈਦ ਦਾ ਵਿਆਹ ਹੋ ਗਿਆ ਅਤੇ ਬੇਸ਼ਕ ਜ਼ੈਨਬ ਨੇ ਹਰ ਪ੍ਰਕਾਰ ਸ਼ਰਾਫ਼ਤ ਨਾਲ ਨਿਭਾਉ ਕੀਤਾ । ਪਰ ਹਜ਼ਰਤ ਜ਼ੈਨਬ ਦੇ ਮਨ ਵਿੱਚ ਖ਼ਲਿਸ਼ ਸੀ ਕਿ ਮੈਂ ਇਕ ਸਨਮਾਨਜਨਕ ਪਰਿਵਾਰ ਵਿੱਚੋਂ ਹਾਂ ਅਤੇ ਹਜ਼ਰਤ ਜ਼ੈਦ ਨੂੰ ਵੀ ਆਪਣੀ ਪੁਜ਼ੀਸ਼ਨ ਦੇ ਛੋਟਾ ਹੋਣ ਦਾ ਖ਼ਿਆਲ ਸੀ । ਇਸ ਅਹਿਸਾਸ ਨੇ ਹੌਲ੍ਹੀ ਹੌਲ੍ਹੀ ਮਜ਼ਬੂਤੀ ਫੜ ਲਈ ਅਤੇ ਉਹਨਾ ਦੇ ਪਰਿਵਾਰਕ ਜੀਵਨ ਨੂੰ ਪ੍ਰਭਾਵਤ ਤੇ ਆਨੰਦਹੀਨ ਕਰ ਦਿਤੱਾ ਸੀ ਅਤੇ ਪਤੀ ਪਤਨੀ ਵਿੱਚ ਨਾਚਾਕੀ ਰਹਿਣ ਲੱਗੀ ਸੀ । ਜੱਦ ਇਹ ਮਾੜੀ ਹਾਲਤ ਬਹੁਤੀ ਵੱਧ ਗਈ ਤਾਂ ਜ਼ੈਦ ਬਿਨ ਹਾਰਸਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਉਹਨਾ ਨੇ ਇਹ ਸ਼ਿਕਾਇਤ ਕੀਤੀ ਕਿ ਜ਼ੈਨਬ ਕਰੜੇ ਬੋਲਾਂ ਤੋਂ ਕੰਮ ਲੈਂਦੀ ਹੈ ਇਸ ਲਈ ਮੈਂ ਉਸਨੂੰ ਤਲਾਕ ਦੇਣਾ ਚਾਹੁੰਦਾ ਹਾਂ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜ਼ੈਦ ਨੂੰ ਤਲਾਕ ਦੇਣ ਤੋਂ ਮਨਾ ਕੀਤਾ ਅਤੇ ਨਸੀਹਤ ਕੀਤੀ ਕਿ ਰੱਬ ਦਾ ਤਕਵਾ (ਸੰਜਮਤਾ) ਧਾਰਨ ਕਰੋ ਅਤੇ ਜਿਵੇਂ ਹੋ ਸਕੇ ਨਿਭਾਓ ।

ਆਂਹਜ਼ਰਤ ਸਲਲੱਾਹੁ ਐਹਿ ਵਸਲਮ ਦੀ ਇਸ ਨਸੀਹਤ ਦੇ ਸਾਹਮਣੇ ਸਿਰ ਝੁਕਾਉਂਦਿਆਂ ਹੋਇਆਂ ਜ਼ੈਦ ਚੁੱਪ ਹੋਕੇ ਵਾਪਸ ਪਰਤ ਗਏ । ਪਰ ਉਖੜੇ ਹੋਏ ਸੁਭਾਉ ਦਾ ਮਿਲਣਾ ਔਖਾ ਸੀ ਤਿੜਕ ਪੈ ਚੁਕੀ ਸੀ, ਜੋ ਗਲ ਨਹੀਂ ਬਣਨੀ ਸੀ ਨ ਬਣੀ ਅਤੇ ਕੁਝ ਸਮੇਂ ਬਾਦ ਜ਼ੈਦ ਨੇ ਤਲਾਕ ਦੇ ਦਿੱਤੀ । ਜੱਦ ਜ਼ੈਨਬ ਦੀ ਇਦੱਤ ਖ਼ਤਮ ਹੋ ਚੁਕੀ ਤਾਂ ਉਹਨਾ ਦੇ ਵਿਆਹ ਬਾਰੇ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਫਿਰ ਵਹੀ ਨਾਜ਼ਲ ਹੋਈ ਕਿ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਉਹਨਾ ਨੂੰ ਆਪ ਆਪਣੇ ਨਿਕਾਹ ਵਿੱਚ ਲੈ ਲੈਂਣਾ ਚਾਹੀਦਾ ਹੈ ਅਤੇ ਇਸ ਰੱਬੀ ਆਦੇਸ਼ ਵਿੱਚ ਇਸ ਦਾਨਾਈ ਤੋਂ ਬਿਨਾ ਕਿ ਹਜ਼ਰਤ ਜ਼ੈਨਬ ਦੀ ਦਿਲਦਾਰੀ ਹੋ ਜਾਏਗੀ ਅਤੇ ਤਲਾਕ ਦਿੱਤੀ ਇਸਤਰੀ ਨਾਲ ਵਿਆਹ ਕਰਨਾ ਮੁਸਲਮਾਨਾ ਵਿੱਚ ਐਬ ਨਹੀਂ ਸਮਝਿਆ ਜਾਏਗਾ, ਇਹ ਹਿਕਮਤ ਦ੍ਰਿਸ਼ਟੀਗੋਚਰ ਸੀ ਕਿ ਕਿਉਂਕਿ ਹਜ਼ਰਤ ਜ਼ੈਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮੂੰਹ ਬੋਲੇ ਪੁਤੱਰ ਸਨ ਅਤੇ ਆਪਦੇ ਪੁਤੱਰ ਅਖਵਾਉਂਦੇ ਸਨ, ਇਸ ਲਈ ਆਪ ਖ਼ੁੱਦ ਇਸ ਤਲਾਕ ਦਿੱਤੀ ਇਸਤਰੀ ਨਾਲ ਵਿਆਹ ਰਚਾ ਲੈਂਣ ਤਾਂ ਇਸ ਗੱਲ ਦਾ ਮੁਸਲਮਾਨਾ ਵਿੱਚ ਇਕ ਕਰਮ ਰੂਪੀ ਪ੍ਰਭਾਵ ਹੋਵੇਗਾ ਕਿ ਮੂੰਹੋਂ ਬੋਲਿਆ ਪੁਤੱਰ ਹਕੀਕੀ ਪੁਤੱਰ ਨਹੀਂ ਹੁੰਦਾ ਅਤੇ ਨ ਉਸ'ਤੇ ਹਕੀਕੀ ਪੁਤੱਰਾਂ ਵਾਲੇ ਅਧਿਕਾਰ ਲਾਗੂ ਹੁੰਦੇ ਹਨ । ਅਤੇ ਭਵਿੱਖ ਲਈ ਅਰਬ ਦੀ ਜਾਹਲਾਂ ਵਾਲੀ ਰਸਮ ਮੁਸਲਮਾਨਾ ਵਿੱਚ ਪੂਰੀ ਤਰ੍ਹਾਂ ਮਿੱਟ ਜਾਏਗੀ ।

ਆਪ ਸਲਲਾਹੁ ਅਲੈਹਿ ਵਸਲਮ ਨੇ ਜ਼ੈਨਬ ਨਾਲ ਵਿਆਹ ਦਾ ਫ਼ੈਸਲਾ ਕੀਤਾ ਅਤੇ ਫਿਰ ਹਜ਼ਰਤ ਜ਼ੈਦ ਦੇ ਹੱਥ ਹੀ ਹਜ਼ਰਤ ਜ਼ੈਨਬ ਨੂੰ ਵਿਆਹ ਦਾ ਸੰਦੇਸ਼ ਭਿਜਵਾਇਆ ਅਤੇ ਹਜ਼ਰਤ ਜ਼ੈਨਬ ਵੱਲੋਂ ਰਜ਼ਾਮੰਦੀ ਦਾ ਪ੍ਰਗਟਾ ਹੋਣ'ਤੇ ਉਹਨਾ ਦੇ ਭਰਾ ਅਬੂ ਅਹਮਦ ਬਿਨ ਹਜਸ਼ ਨੇ ਉਹਨਾ ਵੱਲੋਂ ਵਲੀ ਹੋਕੇ ਚਾਰ ਸੌ ਦਿਰਹਮ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਉਹਨਾ ਦਾ ਨਿਕਾਹ ਕਰ ਦਿਤੱਾ । ਇਸ ਪ੍ਰਕਾਰ ਉਹ ਪੁਰਾਤਨ ਰਸਮ ਜੋ ਅਰਬ ਦੀ ਧਰਤੀ ਉਪੱਰ ਪ੍ਰਚਲਤ ਹੋ ਚੁਕੀ ਸੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਵਿਅਕਤੀਗੱਤ ਨਮੂਨੇ ਨਾਲ ਇਸਲਾਮ ਵਿੱਚ ਜੜ੍ਹ ਤੋਂ ਪੁਟੱਕੇ ਸੁੱਟ ਦਿੱਤੀ ਗਈ ।

ਇਸ ਥਾਂ ਇਹ ਵੀ ਵਰਨਣ ਕਰਨਾ ਜ਼ਰੂਰੀ ਹੈ ਕਿ ਸਾਧਾਰਣ ਇਤਿਹਾਸਕਾਰਾਂ ਅਤੇ ਹਦੀਸਾਂ ਇਕਤੱਰ ਕਰਨ ਵਾਲਿਆਂ ਦਾ ਵਿਚਾਰ ਹੈ ਕਿ ਕਿਉਂਕਿ ਜ਼ੈਨਬ ਦੇ ਵਿਆਹ ਬਾਰੇ ਰੱਬੀ ਵਹੀ ਨਾਜ਼ਲ ਹੋਈ ਸੀ ਅਤੇ ਰੱਬ ਦੇ ਵਿਸ਼ੇਸ਼

ਹੁਕਮ ਨਾਲ ਇਹ ਵਿਆਹ ਰਚਿਆ ਗਿਆ ਇਸ ਲਈ ਜਾਹਰੀ ਤੌਰ'ਤੇ ਉਹਨਾ ਦੇ ਨਿਕਾਹ ਦੀ ਰਸਮ ਪੂਰੀ ਨਹੀਂ ਕੀਤੀ ਗਈ ਪਰ ਇਹ ਵਿਚਾਰ ਠੀਕ ਨਹੀਂ ਹੈ ਕਿਉਂਕਿ ਬੁਖ਼ਾਰੀ ਦੀ ਸਪਸ਼ਟ ਰਿਵਾਇਤ ਵਿੱਚ ਇਹ ਵਰਨਣ ਹੈ ਕਿ ਵਿਆਹ ਦੇ ਬਾਦ ਜ਼ੈਨਬ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਘਰ ਵਿੱਚ ਰੁਖ਼ਸਤ ਹੋਕੇ ਆਈ ਸਨ । ਅਤੇ ਇਬਨੇ ਹਸ਼ਾਮ ਦੀ ਸਪਸ਼ਟ ਰਿਵਾਇਤ ਕੀਤੀ ਗਈ ਹੈ ਕਿ ਰੱਬੀ ਹੁਕਮ ਦੇ ਹੁੰਦਿਆਂ ਹੋਇਆਂ ਵੀ ਇਸ ਨਿਕਾਹ ਦੀ ਬਕਾਇਦਾ ਰਸਮ ਅਦਾ ਕੀਤੀ ਗਈ ਸੀ ਅਤੇ ਅਕਲ ਵੀ ਇਹ ਮਨਦੀ ਹੈ ਕਿ ਅਜਿਹਾ ਹੋਇਆ ਹੋਵੇ ਕਿਉਂਕਿ ਅਵੱਲ ਤਾਂ ਸਾਧਾਰਣ ਰੂਪ ਵਿੱਚ ਛੋਟ ਦਾ ਕੋਈ ਕਾਰਣ ਨਹੀਂ ਸੀ ਅਤੇ ਦੂਜਾ ਨਿਕਾਹ ਵਿੱਚ ਇਕ ਰਸਮ ਦਾ ਤੋੜਨਾ ਅਤੇ ਉਸ ਦੇ ਪ੍ਰਭਾਵ ਨੂੰ ਨਸ਼ਟ ਕਰਨਾ ਉਦੇਸ਼ ਸੀ । ਇਹ ਪਹਿਲਾਂ ਰਸਮ ਸੀ ਅਤੇ ਬਹੁਤ ਪੱਕੀ ਰਸਮ ਸੀ ਕਿ ਮੂੰਹ ਬੋਲੇ ਪੁਤੱਰ ਦੀ ਪਤਨੀ ਨਾਲ ਨਿਕਾਹ ਨਹੀਂ ਹੋ ਸਕਦਾ । ਇਸ ਗਲ ਦੀ ਫਿਰ ਪਹਿਲੀ ਲੋੜ ਸੀ ਕਿ ਇਹ ਨਿਕਾਹ ਪੂਰੇ ਐਲਾਨ ਨਾਲ ਕੀਤਾ ਜਾਂਦਾ ਅਤੇ ਵੱਡੀਆਂ ਵੱਡੀਆਂ ਗਵਾਹੀਆਂ ਦੇ ਸਾਹਮਣੇ ਕੀਤਾ ਜਾਂਦਾ ਤਾਂ ਜੋ ਦੁਨੀਆ ਨੂੰ ਪਤਾ ਲਗੱਦਾ ਕਿ ਇਹ ਰਸਮ ਅੱਜ ਖ਼ਤਮ ਹੋ ਰਹੀ ਹੈ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਜ਼ੈਦ ਬਾਰੇ ਕੁਝ ਹੋਰ ਵੀ ਗੱਲਾਂ ਹਨ ਜੋ ਭਵਿੱਖ ਵਿੱਚ ਵਰਨਣ ਕਰਾਂਗਾ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 14.06.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131